ਵੱਲੋਂ,

ਕਾਰਜਕਾਰੀ ਇੰਜੀਨੀਅਰ,
ਪੰਜਾਬ ਵ/ਸ ਅਤੇ ਸੀਵਰੇਜ ਮੰਡਲ ਨੰ. 2
ਜਲੰਧਰ

ਸੇਵਾ ਵਿਖੇ,

ਨਿਗਰਾਨ ਇੰਜੀਨੀਅਰ,
ਪੰਜਾਬ ਵ/ਸ ਅਤੇ ਸੀਵਰੇਜ ਹਲਕਾ,
ਜਲੰਧਰ

ਨੰ. 2231 ਮਿਤੀ. 22/5/18

ਵਿਸ਼ਾ:- ਕੁਆਲਟੀ ਕੰਟਰੋਲ ਟੀਮ ਵੱਲੋਂ ਮਿਤੀ:19.01.2018 ਨੂੰ ਫਗਵਾੜਾ ਦੇ ਕੰਮ ਚੈੱਕ ਕਰਨ ਸਬੰਧੀ। (Ext. & Aug of W/S & Sew. Sch. at Phagwara (Agency:- M/S Sukhmani Megastructures Pvt. Ltd., Patiala)

ਹਵਾਲਾ:- ਆਪ ਜੀ ਦੇ ਦਫਤਰ ਦਾ ਪਿੱਠ ਅੰਕਣ ਨੰ. 1179 ਮਿਤੀ:26.02.2018

ਉਪਰੋਕਤ ਵਿਸ਼ੇ ਅਤੇ ਹਵਾਲੇ ਅਧੀਨ ਰਿਪੋਰਟ ਹੇਠ ਲਿਖੇ ਅਨੁਸਾਰ ਹੈ ਜੀ:-

1. ਵਾਟਰ ਸਪਲਾਈ ਲਾਈਨਜ਼ ਦੇ ਗੈਪ ਦੂਰ ਕਰਨ ਲਈ ਇਸ ਦਫਤਰ ਵੱਲੋਂ IOCL ਨਾਲ ਰਾਬਤਾ ਕਾਇਮ ਕੀਤਾ ਹੋਇਆ ਹੈ ਪ੍ਰੰਤੂ IOCL ਤੋਂ ਮੰਜੂਰੀ ਵਾਸਤੇ ਲੱਗਭਗ 54.61 ਲੱਖ ਰੁਪਏ ਦੀ ਜਰੂਰਤ ਸੀ। ਫੰਡਜ਼ ਨਾ ਹੋਣ ਕਾਰਣ IOCL ਨੂੰ ਇਹ ਰਾਸ਼ੀ ਜਮ੍ਹਾਂ ਨਹੀਂ ਕਰਵਾਈ ਜਾ ਸਕੀ। ਹੁਣ ਇਸ ਦਫਤਰ ਵੱਲੋਂ ਫੰਡਜ਼ ਉਪਲੱਬਧ ਹੋਣ ਉਪਰੰਤ IOCL ਨੂੰ ਮਿਤੀ:18.05.2018 ਨੂੰ ਪੂਰੀ ਰਾਸ਼ੀ ਜਮ੍ਹਾਂ ਕਰਵਾ ਦਿੱਤੀ ਗਈ ਹੈ। ਇਸ ਦਫਤਰ ਵੱਲੋਂ IOCL ਅਧਿਕਾਰੀਆਂ ਨਾਲ ਨਿੱਜੀ ਰਾਬਤਾ ਕਾਇਮ ਕੀਤਾ ਜਾ ਰਿਹਾ ਹੈ ਅਤੇ ਇਸ ਦੀ ਮੰਜੂਰੀ 10ਦਿਨਾਂ ਵਿੱਚ ਮਿਲ ਜਾਣ ਦੀ ਸੰਭਾਵਨਾ ਹੈ। ਇਸ ਕੰਮ ਨੂੰ ਕਰਨ ਵਾਲੀ ਏਜੰਸੀ M/s Sukhmani Megastructures Pvt. Ltd., Patiala ਵੱਲੋਂ ਕੰਮ ਕਰਨ ਤੋਂ ਇਨਕਾਰ ਕਰ ਦਿੱਤਾ ਗਿਆ। ਜਿਸ ਉਪਰੰਤ ਇਸ ਦਫਤਰ ਵੱਲੋਂ ਉਸ ਦਾ ਐਗਰੀਮੈਂਟ (21 ਆਫ 2016-17) ਮਿਤੀ:17.05.2018 ਨੂੰ ਟਰਮੀਨੇਟ ਕਰ ਦਿੱਤਾ ਗਿਆ ਹੈ। ਫਰਮ ਦਾ ਫਾਈਨਲ ਬਿੱਲ ਤਿਆਰ ਕੀਤਾ ਜਾ ਰਿਹਾ ਹੈ ਫਰਮ ਦਾ ਅਕਾਊਂਟ ਕਲੋਜ਼ ਕਰਨ ਦੀ ਪ੍ਰਕਿਰਿਆ ਜਾਰੀ ਹੈ। ਇਸ ਉਪਰੰਤ ਉੱਚ ਅਧਿਕਾਰੀਆਂ ਦੀ ਮੰਜੂਰੀ ਪ੍ਰਾਪਤ ਹੋਣ ਤੇ ਉਕਤ ਕੰਮ ਦੀ ਰੀਟੈਂਡਰਿੰਗ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਜਾਵੇਗੀ ਅਤੇ ਕੰਮ ਨੂੰ ਜਲਦ ਤੋਂ ਜਲਦ ਪੂਰਾ ਕਰਵਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਕੁੱਲ 8 ਨੰਬਰ ਟਿਊਬਵੈੱਲਾਂ ਨੂੰ Distribution system ਨਾਲ ਜੋੜਨ ਦਾ ਕੰਮ ਵੀ ਉਕਤ ਨਵੇਂ ਲੱਗਣ ਵਾਲੇ ਟੈਂਡਰ ਅਧੀਨ ਕਰਵਾ ਦਿੱਤਾ ਜਾਵੇਗਾ ਜੀ।

2. ਕਿਉਂਕਿ M/s Sukhmani Megastructures Pvt. Ltd., Patiala ਦਾ ਐਗਰੀਮੈਂਟ ਟਰਮੀਨੇਟ ਕਰ ਦਿੱਤਾ ਗਿਆ ਹੈ। ਫਰਮ ਦਾ ਅਕਾਊਂਟ ਕਲੋਜ਼ ਕਰਨ ਦੀ ਪ੍ਰਕਿਰਿਆ ਜਾਰੀ ਹੈ। ਇਸ ਉਪਰੰਤ ਉੱਚ ਅਧਿਕਾਰੀਆਂ ਦੀ ਮੰਜੂਰੀ ਪ੍ਰਾਪਤ ਹੋਣ ਤੇ ਉਕਤ ਕੰਮ ਦੀ ਰੀਟੈਂਡਰਿੰਗ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਜਾਵੇਗੀ ਅਤੇ ਕੰਮ ਨੂੰ ਜਲਦ ਤੋਂ ਜਲਦ ਪੂਰਾ ਕਰਵਾਉਣ ਦੀ ਕੋਸ਼ਿਸ਼

ਕੀਤੀ ਜਾਵੇਗੀ। ਨਵੇਂ ਟੈਂਡਰ ਅਨੁਸਾਰ ਏਜੰਸੀ ਤੋਂ ਬਕਾਇਆ ਵਾਟਰ ਸਪਲਾਈ ਕੁਨੈਕਸ਼ਨ ਕਰਵਾ ਦਿੱਤੇ ਜਾਣਗੇ ਜੀ।

3. ਕਿਉਂਕਿ M/s Sukhmani Megastructures Pvt. Ltd., Patiala ਦਾ ਐਗਰੀਮੈਂਟ ਟਰਮੀਨੇਟ ਕਰ ਦਿੱਤਾ ਗਿਆ ਹੈ। ਫਰਮ ਦਾ ਅਕਾਉਂਟ ਕਲੋਜ਼ ਕਰਨ ਦੀ ਪ੍ਰਕਿਰਿਆ ਜਾਰੀ ਹੈ। ਇਸ ਉਪਰੰਤ ਉੱਚ ਅਧਿਕਾਰੀਆਂ ਦੀ ਮੰਜ਼ੂਰੀ ਪ੍ਰਾਪਤ ਹੋਣ ਤੇ ਉਕਤ ਕੰਮ ਦੀ ਰੀਟੈਂਡਰਿੰਗ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਜਾਵੇਗੀ ਅਤੇ ਕੰਮ ਨੂੰ ਜਲਦ ਤੋਂ ਜਲਦ ਪੂਰਾ ਕਰਵਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਨਵੇਂ ਟੈਂਡਰ ਅਨੁਸਾਰ ਏਜੰਸੀ ਤੋਂ ਇਹ ਸੀਵਰ ਪਹਿਲ ਦੇ ਅਧਾਰ ਤੇ ਕਮਿਸ਼ਨ ਕਰਵਾ ਦਿੱਤਾ ਜਾਵੇਗਾ ਜੀ।

4. ਨਗਰ ਨਿਗਮ ਨਾਲ ਮੇਨਹੋਲ ਕਵਰ C.C. ਰੋਡ ਵਿੱਚ ਨੰਗੇ ਰੱਖਣ ਲਈ ਰਾਬਤਾ ਕਾਇਮ ਕੀਤਾ ਜਾ ਚੁੱਕਾ ਹੈ ਤਾਂ ਜੋ ਭਵਿੱਖ ਵਿੱਚ ਕੋਈ ਵੀ ਮੇਨਹੋਲ ਕਵਰ ਰੋਡ ਵਿੱਚ ਦੱਬਿਆ ਨਾ ਜਾ ਸਕੇ। ਫੀਲਡ ਸਟਾਫ ਨੂੰ ਇਸ ਦੀ ਨਿਗਰਾਨੀ ਕਰਨ ਦੀ ਹਦਾਇਤ ਕਰ ਦਿੱਤੀ ਗਈ ਹੈ ਜੀ।

5. ਕਿਉਂਕਿ M/s Sukhmani Megastructures Pvt. Ltd., Patiala ਦਾ ਐਗਰੀਮੈਂਟ ਟਰਮੀਨੇਟ ਕਰ ਦਿੱਤਾ ਗਿਆ ਹੈ। ਫਰਮ ਦਾ ਅਕਾਉਂਟ ਕਲੋਜ਼ ਕਰਨ ਦੀ ਪ੍ਰਕਿਰਿਆ ਜਾਰੀ ਹੈ। ਇਸ ਉਪਰੰਤ ਉੱਚ ਅਧਿਕਾਰੀਆਂ ਦੀ ਮੰਜ਼ੂਰੀ ਪ੍ਰਾਪਤ ਹੋਣ ਤੇ ਉਕਤ ਕੰਮ ਦੀ ਰੀਟੈਂਡਰਿੰਗ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਜਾਵੇਗੀ ਅਤੇ ਕੰਮ ਨੂੰ ਜਲਦ ਤੋਂ ਜਲਦ ਪੂਰਾ ਕਰਵਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਨਵੇਂ ਟੈਂਡਰ ਅਨੁਸਾਰ ਏਜੰਸੀ ਤੋਂ ਸਾਹਿਬਜਾਦਾ ਅਜੀਤ ਸਿੰਘ ਨਗਰ ਵਿਖੇ ਭੀੜੀਆਂ ਗਲੀਆਂ ਵਿੱਚ ਵਾਟਰ ਸਪਲਾਈ ਅਤੇ ਸੀਵਰ ਦਾ ਕੰਮ ਕਰਵਾ ਦਿੱਤਾ ਜਾਵੇਗਾ ਜੀ।

6. ਮਿੱਟੀ ਦੀ ਸੈਟਲਮੈਂਟ ਠੀਕ ਕਰਵਾ ਦਿੱਤੀ ਗਈ ਹੈ ਜੀ।

ਉਪਰੋਕਤ ਤੋਂ ਇਹ ਸਪੱਸ਼ਟ ਹੈ ਕਿ ਵਿਸ਼ੇ ਅਧੀਨ ਕੰਮ ਦੀ ਰੀਟੈਂਡਰਿੰਗ ਕੀਤੀ ਜਾਣੀ ਹੈ। ਇਸ ਦਫਤਰ ਵੱਲੋਂ ਇਸ ਕੰਮ ਨੂੰ ਦੁਬਾਰਾ ਸ਼ੁਰੂ ਕਰਵਾਉਣ ਲਈ ਲੋੜੀਂਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ ਅਤੇ ਜਲਦ ਹੀ ਉਕਤ ਕੰਮ ਮੁਕੰਮਲ ਕਰ ਦਿੱਤਾ ਜਾਵੇਗਾ ਜੀ।

ਇਹ ਆਪ ਜੀ ਦੀ ਸੂਚਨਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਹੈ ਜੀ।

ਕਾਰਜਕਾਰੀ ਇੰਜੀਨੀਅਰ,
ਪੰਜਾਬ ਵ/ਸ ਅਤੇ ਸੀਵਰੇਜ ਮੰਡਲ ਨੰ. 2,
ਜਲੰਧਰ

ਪਿੱਠ ਅਕੰਣ ਨੰ: 2232 ਮਿਤੀ 22/5/18

ਉਪਰੋਕਤ ਦੀ ਨਕਲ ਉਪ ਮੰਡਲ ਇੰਜੀਨੀਅਰ, ਪੰਜਾਬ ਵ/ਸ ਤੇ ਸੀਵਰੇਜ ਉਪ ਮੰਡਲ ਨੰ.2, ਫਗਵਾੜਾ ਨੂੰ ਉਹਨਾਂ ਦੇ ਦਫਤਰ ਦੇ ਪੱਤਰ ਨੰ. 226 ਮਿਤੀ:09.04.2018 ਦੇ ਸਬੰਧ ਵਿੱਚ ਸੂਚਨਾ ਹਿੱਤ ਭੇਜੀ ਜਾਂਦੀ ਹੈ।

ਕਾਰਜਕਾਰੀ ਇੰਜੀਨੀਅਰ,
ਪੰਜਾਬ ਵ/ਸ ਅਤੇ ਸੀਵਰੇਜ ਮੰਡਲ ਨੰ. 2,
ਜਲੰਧਰ